Edit 27.qxd 11/27/2025 8:21 PM Page 1



ਅਜੀਤ

ਵਿਚਾਰ-ਪ੍ਰਵਾਹ

*ਉੱਚੀਆਂ ਪ੍ਰਾਪਤੀਆਂ ਦਾ ਰਸਤਾ ਕਠਿਨ ਹੈ, ਅਸੰਭਵ ਨਹੀਂ।* —ਐਲਵਰਟਸ

# ਸੰਵਿਧਾਨ ਦੀ ਭਾਵਨਾ

ਬੁੱਧਵਾਰ ਨੂੰ ਪੁਰਾਣੀ ਸੰਸਦ ਦੀ ਇਮਾਰਤ ਦੇ ਕੇਂਦਰੀ ਹਾਲ ਵਿਚ ਦੇਸ਼ ਭਰ ਤੋਂ ਚੁਣੇ ਗਏ ਪ੍ਰਤੀਨਿਧਾਂ ਨੇ 'ਸੰਵਿਧਾਨ ਦਿਵਸ' ਮਨਾਇਆ। ਭਾਰਤੀ ਸੰਵਿਧਾਨ ਨੂੰ ਬਣਿਆਂ 76 ਸਾਲ ਹੋ ਚੁੱਕੇ ਹਨ। ਸਾਲ 1950 ਵਿਚ ਸੰਸਦ ਦੇ ਇਸੇ ਹੀ ਕੇਂਦਰੀ ਹਾਲ ਵਿਚ ਇਸ ਨੂੰ ਪ੍ਰਵਾਨ ਕਰਕੇ ਦੇਸ਼ 'ਤੇ ਲਾਗੂ ਕੀਤਾ ਗਿਆ ਸੀ। ਆਜ਼ਾਦੀ ਤੋਂ ਬਾਅਦ ਦੇਸ਼ ਦਾ ਸੰਵਿਧਾਨ ਤਿਆਰ ਕਰਨ ਲਈ ਦੇਸ਼ ਭਰ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਵਾਲੀਆਂ ਉੱਘੀਆਂ ਹਸਤੀਆਂ ਨੇ ਤਿੰਨ ਸਾਲ ਤੱਕ ਉਸ ਸਮੇਂ ਦੇ ਦੁਨੀਆ ਭਰ ਦੇ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ ਸੀ। ਉਨ੍ਹਾਂ ਨੇ ਲੰਮੀਆਂ ਬੈਠਕਾਂ ਕੀਤੀਆਂ। ਵਾਰ-ਵਾਰ ਇਸ ਦੀਆਂ ਧਾਰਾਵਾਂ ਨੂੰ ਛੋਟਾ-ਵੱਡਾ ਕੀਤਾ ਅਤੇ ਸੋਧਿਆ। ਪਿਛਲੇ ਸਾਢੇ 7 ਦਹਾਕਿਆਂ ਵਿਚ ਦੇਸ਼ ਦੀ ਸੰਸਦ ਨੇ ਵੀ ਇਸ ਵਿਚ ਸਮੇਂ-ਸਮੇਂ ਪੈਦਾ ਹੋਈਆਂ ਲੋੜਾਂ ਅਨੁਸਾਰ ਅਨੇਕਾਂ ਤਰਮੀਮਾਂ ਕੀਤੀਆਂ। ਇਸ ਕਰਕੇ ਵੀ ਇਹ ਲਿਖਤੀ ਸੰਵਿਧਾਨ ਅੱਜ ਤੱਕ ਸਮੇਂ ਦਾ ਅਨੁਸਾਰੀ ਬਣਿਆ ਰਿਹਾ ਹੈ। ਆਉਂਦੇ ਸਮੇਂ ਵਿਚ ਵੀ ਇਸ ਦੀ ਸਾਰਥਿਕਤਾ ਬਣੀ ਰਹਿਣ ਦੀ ਸੰਭਾਵਨਾ ਹੈ। ਇਸ ਵਿਚ ਮੁਢਲੇ ਰੂਪ ਵਿਚ ਮਨੁੱਖੀ ਕਦਰਾਂ-ਕੀਮਤਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਇਨ੍ਹਾਂ ਵਿਚ ਬਰਾਬਰੀ, ਹਰ ਨਾਗਰਿਕ ਦਾ ਸਨਮਾਨ ਅਤੇ ਹਰ ਇਕ ਨੂੰ ਨਿਆਂ ਦੇਣ ਦੀ ਗੱਲ ਕਹੀ ਗਈ ਹੈ।

ਸਾਲ 2015 ਵਿਚ 26 ਨਵੰਬਰ ਨੂੰ ਸੰਵਿਧਾਨ ਦਿਵਸ ਐਲਾਨਿਆ ਗਿਆ ਸੀ ਅਤੇ ਇਸ ਤੋਂ ਬਾਅਦ ਇਹ ਦਿਨ ਮਨਾਉਣਾ ਸ਼ੁਰੂ ਹੋਇਆ। ਇਸ ਸਾਲ 26 ਨਵੰਬਰ ਨੂੰ ਮਨਾਏ ਗਏ ਇਸ ਦਿਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਵਲੋਂ ਇਕ ਭਾਵੁਕ ਪੱਤਰ ਜਾਰੀ ਕੀਤਾ ਅਤੇ ਸੰਵਿਧਾਨ ਨੂੰ 'ਪਵਿੱਤਰ ਖਰੜਾ' ਐਲਾਨਦਿਆਂ ਕਿਹਾ ਕਿ ਇਸ ਵਿਚ ਸਭ ਨਾਗਰਿਕਾਂ ਨੂੰ ਮੌਕੇ ਪ੍ਰਦਾਨ ਕਰਨ ਦੀ ਗੱਲ ਕਹੀ ਗਈ ਹੈ। ਅਜਿਹੀ ਭਾਵਨਾ ਅਧੀਨ ਹੀ ਉਨ੍ਹਾਂ ਵਰਗੇ ਇਕ ਗ਼ਰੀਬ ਪਿਛੋਕੜ ਵਾਲੇ ਪਰਿਵਾਰ ਦੇ ਵਿਅਕਤੀ ਨੂੰ ਪਿਛਲੇ 24 ਸਾਲ ਤੋਂ ਉੱਚ ਅਹੁਦਿਆਂ 'ਤੇ ਬੈਠਣ ਦਾ ਮੌਕਾ ਮਿਲਿਆ ਹੈ ਅਤੇ ਇਹ ਵੀ ਕਿ ਸੰਵਿਧਾਨ ਦੀ ਭਾਵਨਾ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਇਕ ਹੈ ਅਤੇ ਹਮੇਸ਼ਾ ਇਕ ਹੀ ਰਹੇਗਾ। ਇਹ ਵੀ ਕਿ ਸੰਵਿਧਾਨ ਫ਼ਰਜ਼ਾਂ ਦੀ ਪਾਲਣਾ ਦੀ ਪ੍ਰੇਰਨਾ ਦਿੰਦਾ ਹੈ। ਸਾਡੇ ਵਿਚਾਰ ਅਨੁਸਾਰ ਸਮਾਜਿਕ ਅਤੇ ਆਰਥਿਕ ਤਰੱਕੀ ਦੇ ਆਧਾਰ, ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਆਪਸੀ ਭਾਈਚਾਰਾ ਅਤੇ ਧਰਮ ਨਿਰਪੱਖਤਾ ਦੇ ਨਾਲ-ਨਾਲ ਸਮਾਜਵਾਦੀ ਵਿਚਾਰਧਾਰਾ ਦੀ ਉੱਤਮਤਾ ਨੂੰ ਪ੍ਰਗਟਾਉਣਾ ਵੀ ਰਿਹਾ ਹੈ, ਪਰ ਇਸ ਲੰਮੇ ਸਮੇਂ ਵਿਚ ਅਨੇਕਾਂ ਤਰਮੀਮਾਂ ਦੇ ਬਾਵਜੂਦ ਸਮੇਂ-ਸਮੇਂ ਇਸ ਦੀ ਆਭਾ ਧੁੰਦਲੀ ਵੀ ਪੈਂਦੀ ਰਹੀ ਹੈ। ਅਮਲੀ ਰੂਪ ਵਿਚ ਇਸ ਦੀ ਇਹ ਪਹੁੰਚ ਬਣਾਈ ਰੱਖਣ ਲਈ ਹਾਲੇ ਵੀ ਬਹੁਤ ਕੁਝ ਕਰਨਾ ਬਾਕੀ ਹੈ।

ਮੁਢਲੇ ਰੂਪ ਵਿਚ ਸੰਵਿਧਾਨ ਆਰਥਿਕ ਬਰਾਬਰੀ ਦੀ ਗੱਲ ਕਰਦਾ ਹੈ। ਪਰ ਦੇਸ਼ ਅੱਜ ਇਸ ਭਾਵਨਾ ਤੋਂ ਬਹੁਤ ਦੂਰ ਖੜ੍ਹਾ ਦਿਖਾਈ ਦਿੰਦਾ ਹੈ। ਪਿਛਲੇ ਦਹਾਕਿਆਂ ਵਿਚ ਅਮੀਰਾਂ ਅਤੇ ਗ਼ਰੀਬਾਂ ਦਾ ਆਪਸੀ ਪਾੜਾ ਵਧਦਾ ਨਜ਼ਰ ਆਇਆ ਹੈ। ਅੱਜ ਵੀ ਕਰੋੜਾਂ ਹੀ ਨਾਗਰਿਕ ਮਿੱਥੀ ਗਈ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ। ਸਾਡਾ ਸੰਵਿਧਾਨ ਧਰਮ ਨਿਰਪੱਖਤਾ ਦੀ ਗੱਲ ਕਰਦਾ ਹੈ, ਪਰ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਵਿਚ ਧਰਮਾਂ ਦੇ ਆਧਾਰ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ ਤੇ ਇਹ ਰੁਝਾਨ ਹੋਰ ਵੀ ਵਧਦੇ ਨਜ਼ਰ ਆ ਰਹੇ ਹਨ। ਇਹ ਸਭ ਕੁਝ ਸੰਵਿਧਾਨ ਦੀ ਆਤਮਾ ਨੂੰ ਠੇਸ ਲਾਉਣ ਵਾਲਾ ਹੈ। ਅੱਜ ਸਮਾਜ ਟੁਕੜਿਆਂ ਵਿਚ ਵੰਡਿਆ ਨਜ਼ਰ ਆਉਂਦਾ ਹੈ। ਫਿਰਕੂਪੁਣੇ ਦੀ ਹਵਾ ਹੋਰ ਵੀ ਤੇਜ਼ ਹੋਈ ਦਿਖਾਈ ਦਿੰਦੀ ਹੈ। ਵੋਟਾਂ ਲਈ ਧਰਮਾਂ ਤੋਂ ਇਲਾਵਾ ਜਾਤੀਆਂ, ਬਰਾਦਰੀਆਂ ਦਾ ਬੋਲਬਾਲਾ ਹੋਇਆ ਵੀ ਨਜ਼ਰ ਆਉਂਦਾ ਹੈ। ਅੱਜ ਸਾਡੀਆਂ ਸਿਆਸੀ ਪਾਰਟੀਆਂ ਅਤੇ ਵੱਡੇ-ਛੋਟੇ ਸਿਆਸਤਦਾਨਾਂ ਦਾ ਇਹ ਨੈਤਿਕ ਫ਼ਰਜ਼ ਬਣ ਜਾਂਦਾ ਹੈ ਕਿ ਉਹ ਧਰਮਾਂ, ਜਾਤਾਂ ਅਤੇ ਬਰਾਦਰੀਆਂ ਦੇ ਆਧਾਰ 'ਤੇ ਵੋਟਾਂ ਖ਼ਾਤਰ ਸਮਾਜ ਨੂੰ ਵੰਡਣ ਤੋਂ ਗੁਰੇਜ਼ ਕਰਨ। ਵਧਦੀ ਹੋਈ ਆਰਥਿਕ ਨਾ-ਬਰਾਬਰੀ ਵੀ ਸਮਾਨਤਾ ਅਤੇ ਲੋਕ ਇਨਸਾਫ਼ ਦੇ ਰਾਹ ਵਿਚ ਵੱਡੀ ਅੜਚਨ ਬਣੀ ਨਜ਼ਰ ਆ ਰਹੀ ਹੈ।

ਅਸੀਂ ਭਾਰਤੀ ਸੰਵਿਧਾਨ 'ਤੇ ਮਾਣ ਕਰਦੇ ਹਾਂ। ਅੱਜ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਅਖਵਾ ਰਿਹਾ ਹੈ, ਪਰ ਜਦੋਂ ਤੱਕ ਸੰਵਿਧਾਨ ਵਿਚ ਪੇਸ਼ ਕੀਤੀਆਂ ਗਈਆਂ ਕਦਰਾਂ-ਕੀਮਤਾਂ ਦੇ ਅਨੁਸਾਰੀ ਨਹੀਂ ਹੋਇਆ ਜਾਂਦਾ, ਉਸ ਸਮੇਂ ਤੱਕ ਦੇਸ਼ ਸਹੀ ਅਰਥਾਂ ਵਿਚ ਹਰ ਪੱਖੋਂ ਵਿਕਾਸ ਦੇ ਰਾਹ 'ਤੇ ਨਹੀਂ ਤੁਰ ਸਕੇਗਾ। ਇਸ ਨਿਸ਼ਾਨੇ 'ਤੇ ਪੁੱਜਣ ਲਈ ਹਾਲੇ ਲੰਮਾ ਸਫ਼ਰ ਤੈਅ ਕਰਨ ਦੀ ਜ਼ਰੂਰਤ ਹੋਵੇਗੀ।

**-ਬਰਜਿੰਦਰ ਸਿੰਘ ਹਮਦਰਦ**

# ਪੰਜਾਬ ਤੇ ਹਰਿਆਣਾ ਆਪਣੇ ਮਸਲੇ ਖ਼ੁਦ ਹੱਲ ਕਰਨ ਲਈ ਪਹਿਲ ਕਰਨ

*ਮਿਲੋ ਜਬ ਉਨ ਸੇ ਤੋ ਮੁਬਹਮ ਸੀ ਗੁਫਤਗੂ ਕਰਨਾ,*
*ਫਿਰ ਅਪਨੇ ਆਪ ਸੇ ਸੌ ਸੌ ਵਜ਼ਾਹਤੇਂ ਕਰਨੀ।*

ਮਹਾਨ ਸ਼ਾਇਰ 'ਅਹਿਮਦ ਫਰਾਜ਼' ਦੇ ਇਸ ਸ਼ਿਅਰ ਦੇ ਲਫ਼ਜ਼ਾਂ ਮੁਬਹਮ ਦੇ ਅਰਥ ਗੋਲ-ਮੋਲ ਜਾਂ ਅਸਪੱਸ਼ਟ, ਗੁਫਤਗੂ-ਗੱਲਬਾਤ ਤੇ ਵਜ਼ਾਹਤ-ਸਪੱਸ਼ਟ ਹੈ। ਪੂਰੇ ਸ਼ਿਅਰ ਦਾ ਭਾਵ ਹੈ ਕਿ ਜਦੋਂ ਗੱਲਬਾਤ ਕਰਨਾ ਤਾਂ ਆਪਣੀ ਦਿਲ ਦੀ ਪੂਰੀ ਗੱਲ ਇਕਦਮ ਸਾਹਮਣੇ ਵਾਲੇ ਦੇ ਅੱਗੇ ਨਾ ਖੋਲ੍ਹ ਦੇਣਾ ਤੇ ਬਾਅਦ ਵਿਚ ਪੂਰਾ ਫੈਸਲਾ ਲੈਣ ਤੋਂ ਪਹਿਲਾਂ ਆਪਣੇ-ਆਪ ਨਾਲ ਸੌ-ਸੌ ਵਾਰ ਸੋਚ ਕੇ ਸਪੱਸ਼ਟ ਹੋ ਕੇ ਹੀ ਕਿਸੇ ਸਮਝੌਤੇ 'ਤੇ ਪਹੁੰਚਣਾ। ਇਸ ਸ਼ਿਅਰ ਦਾ ਜ਼ਿਕਰ ਇਥੇ ਇਸ ਲਈ ਕਰ ਰਿਹਾ ਹਾਂ ਕਿਉਂਕਿ ਭਾਰਤ ਦੇ ਕੇਂਦਰੀ ਜਲ-ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਅਧਿਕਾਰਤ ਤੌਰ 'ਤੇ ਕਿਹਾ ਹੈ ਕਿ ਉਹ ਸਤਲੁਜ-ਯਮਨਾ ਲਿੰਕ ਨਹਿਰ ਦੇ ਮਾਮਲੇ 'ਤੇ ਆਪਸ ਵਿਚ ਮੀਟਿੰਗ ਕਰਨ ਤੇ ਇਸ ਮਸਲੇ ਨੂੰ ਆਪਸੀ ਸਹਿਯੋਗ ਨਾਲ ਹੱਲ ਕਰਨ ਦੇ ਯਤਨ ਕਰਨ। ਹਾਲਾਂਕਿ ਪੰਜਾਬ ਦਾ ਐਸ.ਵਾਈ.ਐਲ. ਨਹਿਰ 'ਤੇ ਸਟੈਂਡ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਸਾਡੇ ਕੋਲ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ। ਸੋ, ਐਸ.ਵਾਈ.ਐਲ. ਨਹਿਰ ਦੀ ਉਸਾਰੀ ਨਹੀਂ ਹੋਵੇਗੀ। ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਉਲਟਾ ਵਾਈ.ਐਸ.ਐਲ. ਨਹਿਰ ਬਣਾਉਣ ਦਾ ਫਾਰਮੂਲਾ ਦੇ ਚੁੱਕੇ ਹਨ ਕਿ ਪੰਜਾਬ ਨੂੰ ਹੋਰ ਪਾਣੀ ਦਿੱਤਾ ਜਾਵੇ, ਪਰ ਇਹ ਵਿਵਹਾਰਕ ਨਹੀਂ ਜਾਪਦਾ। ਪੰਜਾਬੀ ਦਾ ਇਕ ਮਸ਼ਹੂਰ ਅਖਾਣ ਹੈ:

*'ਸਾਰੀ ਜਾਂਦੀ ਵੇਖੀਏ, ਅੱਧੀ ਦਿਓ ਲੁਟਾ।'*

ਭਾਵ ਜੇਕਰ ਕਿਸੇ ਹਾਲਤ ਵਿਚ ਕੋਈ ਸਾਰੀ ਚੀਜ਼ ਹੱਥੋਂ ਜਾ ਰਹੀ ਹੋਵੇ ਅਤੇ ਉਹ ਅੱਧੀ ਦੇ ਕੇ ਅੱਧੀ ਬਚਾਈ ਜਾ ਸਕਦੀ ਹੋਵੇ ਤਾਂ ਬਚਾਅ ਲਈ ਜਾਣੀ ਚਾਹੀਦੀ ਹੈ। ਇਸ ਲਈ ਕੇਂਦਰੀ ਮੰਤਰੀ ਦੇ ਮਸ਼ਵਰੇ 'ਤੇ ਪੰਜਾਬ ਤੇ ਹਰਿਆਣਾ ਦੋਵਾਂ ਨੂੰ ਮਿਲ ਕੇ ਗੱਲਬਾਤ ਦੀ ਮੇਜ਼ 'ਤੇ ਬੈਠ ਕੇ ਸਾਂਝੇ ਰੂਪ ਵਿਚ ਦੋਵਾਂ ਪ੍ਰਦੇਸ਼ਾਂ ਦੇ ਹਿਤਾਂ ਨੂੰ ਸਾਹਮਣੇ ਰੱਖ ਕੇ ਸਿਰਫ਼ ਸਤਲੁਜ ਯਮਨਾ ਲਿੰਕ ਨਹਿਰ ਬਾਰੇ ਹੀ ਨਹੀਂ ਸਗੋਂ ਪੰਜਾਬ ਤੇ ਹਰਿਆਣਾ ਵਿਚਲੇ ਸਾਰੇ ਮਸਲਿਆਂ 'ਤੇ ਇਕ ਵਾਰ ਖੁੱਲ੍ਹੇ ਮਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਬੇਸ਼ੱਕ ਚੰਡੀਗੜ੍ਹ ਸਿਰਫ਼ ਪੰਜਾਬ ਦਾ ਹੈ ਤੇ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਮੁਤਾਬਿਕ ਪੰਜਾਬ ਦੇ ਤਿੰਨ ਦਰਿਆਵਾਂ ਦਾ ਪਾਣੀ ਵੀ ਇਕੱਲੇ ਪੰਜਾਬ ਦਾ ਹੀ ਹੈ। ਪਰ ਅਜੋਕੀ ਜ਼ਮੀਨੀ ਹਕੀਕਤ ਸਾਨੂੰ ਪਤਾ ਹੈ ਕਿ ਸਾਡਾ ਪੂਰਾ ਹੱਕ ਸਾਨੂੰ ਮਿਲਣਾ ਲਗਭਗ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਫਿਰ ਕੇਂਦਰ ਦੀ ਨੀਅਤ ਸਾਹਮਣੇ ਹੈ ਕਿ ਉਸ ਨੇ ਅਜੇ ਵੀ ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੋਵਾਂ ਕੋਲੋਂ ਖੋਹ ਕੇ ਪੱਕਾ ਕੇਂਦਰੀ ਪ੍ਰਦੇਸ਼ ਬਣਾਉਣ ਦੀ ਤਜਵੀਜ਼ ਤਿਆਗੀ ਨਹੀਂ ਸਿਰਫ਼ ਅੱਗੇ ਹੀ ਪਾਈ ਹੈ।



ਪੰਜਾਬ ਤੇ ਹਰਿਆਣਾ ਨੂੰ ਚੰਡੀਗੜ੍ਹ ਵਿਚ 60 : 40 ਦੇ ਅਨੁਪਾਤ ਨਾਲ ਮੁਲਾਜ਼ਮਾਂ ਦੀ ਨਿਯੁਕਤੀ ਦੇ ਅਧਿਕਾਰ ਦਿੱਤੇ ਗਏ ਸਨ, ਇਸ ਦੇ ਨਾਲ ਹੀ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਬਦਲੇ ਪੰਜਾਬ ਵਿਚੋਂ ਕੁਝ ਹਿੰਦੀ ਭਾਸ਼ੀ ਖੇਤਰ ਹਰਿਆਣਾ ਨੂੰ ਦੇਣ ਦੀ ਗੱਲ ਵੀ ਕਹੀ ਗਈ ਸੀ। ਇਹ ਵੀ ਸਪੱਸ਼ਟ ਹੈ ਕਿ ਹਰਿਆਣਾ ਭਾਵੇਂ ਹੁਣ ਪੰਜਾਬ ਦੇ ਦਰਿਆਵਾਂ ਦਾ ਰਿਪੇਰੀਅਨ ਰਾਜ ਨਹੀਂ, ਪਰ ਕੇਂਦਰੀ ਧੱਕਾ ਇਸ ਆਧਾਰ 'ਤੇ ਹੁੰਦਾ ਹੈ ਕਿ ਪਹਿਲਾਂ ਹਰਿਆਣਾ ਪੰਜਾਬ ਦਾ ਹੀ ਹਿੱਸਾ ਸੀ। ਸੋ, ਜੇਕਰ ਹਰਿਆਣੇ ਨੂੰ ਪਹਿਲਾਂ ਪੰਜਾਬ ਦਾ ਹਿੱਸਾ ਹੋਣ ਕਾਰਨ ਪੰਜਾਬ ਦੇ ਪਾਣੀਆਂ ਦਾ ਹੱਕਦਾਰ ਮੰਨਿਆ ਜਾਂਦਾ ਹੈ ਤਾਂ ਪੰਜਾਬ ਵੀ ਉਸ ਸਮੇਂ ਯਮੁਨਾ ਦੇ ਪਾਣੀ ਦਾ ਹੱਕਦਾਰ ਸੀ ਤੇ ਹੈ। ਸੋ, ਜੇਕਰ ਪੰਜਾਬ ਤੇ ਹਰਿਆਣਾ ਆਪਸ ਵਿਚ ਸਾਰੇ ਮਾਮਲਿਆਂ 'ਤੇ ਸਮਝੌਤੇ ਕਰ ਲੈਣ ਤਾਂ ਦੋਵਾਂ ਰਾਜਾਂ ਦੀ ਕਾਇਆ-ਕਲਪ ਹੋ ਸਕਦੀ ਹੈ। ਦੋਵੇਂ ਰਾਜ ਆਪਣੀ ਜ਼ਰੂਰਤ ਦਾ ਪਾਣੀ ਰੱਖ ਕੇ ਜੇਕਰ ਵਾਧੂ ਪਾਣੀ ਹੋਵੇ ਤਾਂ ਉਸ 'ਤੇ ਰਾਇਲਟੀ ਲੈ ਸਕਦੇ ਹਨ। ਫਿਰ ਕੇਂਦਰ ਕੋਲ ਪੰਜਾਬ ਤੇ ਹਰਿਆਣਾ ਦੇ ਮਾਮਲੇ ਵਿਚ ਦਖਲ ਦੇਣ ਦਾ ਸਦਾਚਾਰਕ ਹੱਕ ਵੀ ਨਹੀਂ ਰਹੇਗਾ ਤੇ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78-79-80 ਅਮਲੀ ਤੌਰ 'ਤੇ ਬੇਅਸਰ ਹੋ ਜਾਣਗੀਆਂ। ਸਾਡੇ ਕੋਲ ਉਦਾਹਰਨਾਂ ਹਨ ਕਿ ਪੰਜਾਬ ਤੋਂ ਮੁਫ਼ਤ ਤੇ ਧੱਕੇ ਨਾਲ ਲਿਆ ਪਾਣੀ ਰਾਜਸਥਾਨ ਸਰਕਾਰ ਸਨਅਤਾਂ ਨੂੰ 2 ਰੁਪਏ ਪ੍ਰਤੀ ਲੀਟਰ ਤੱਕ ਵੇਚ ਰਹੀ ਹੈ। ਰਾਜਸਥਾਨ ਸਰਕਾਰ ਨੇ ਬਾੜਮੇਰ ਰਿਫਾਇਨਰੀ ਵਿਚ ਐਚ.ਪੀ.ਸੀ.ਐਲ. ਨਾਲ 74 : 26 ਦੀ ਹਿੱਸੇਦਾਰੀ ਪਾਈ ਹੈ ਤੇ ਉਸ ਲਈ 37 ਲੱਖ 44 ਹਜ਼ਾਰ ਕਿਊਬਿਕ ਮੀਟਰ ਪਾਣੀ ਦੀ ਭੰਡਾਰਨ ਸਮਰੱਥਾ ਬਣਾਈ ਜਾ ਰਹੀ ਹੈ। ਦੂਸਰੀ ਉਦਾਹਰਨ ਹਿਮਾਚਲ ਦੀ ਹੈ, ਉਸ ਨੂੰ ਜੋ ਪਾਣੀ ਉਸ ਦੇ

ਸਰਗੋਸ਼ੀਆਂ

ਹਰਜਿੰਦਰ ਸਿੰਘ ਲਾਲ



ਅਪਰ-ਰਾਇਪੇਰੀਅਨ ਰਾਜ ਤੇ ਪੰਜਾਬ ਦਾ ਹਿੱਸਾ ਰਹੇ ਹੋਣ ਕਾਰਨ ਮਿਲਦਾ ਹੈ, ਉਹ ਵੀ ਦਿੱਲੀ ਨੂੰ ਵੇਚਿਆ ਜਾ ਰਿਹਾ ਹੈ। ਰਹੀ ਗੱਲ ਆਪੋ-ਆਪਣੀ ਰਾਜਧਾਨੀ ਤੇ ਆਪੋ-ਆਪਣੀ ਰਾਜ ਵਿਧਾਨ ਸਭਾ ਬਣਾਉਣ ਦੀ, ਇਸ ਸੰਬੰਧੀ ਰਾਜਾਂ ਦੇ ਪੁਨਰਗਠਨ ਬਾਰੇ ਦੇਸ਼ ਵਿਚ ਇਹੀ ਪ੍ਰਥਾ ਰਹੀ ਹੈ ਕਿ ਪੁਰਾਣੇ ਰਾਜ ਕੋਲ ਪੁਰਾਣੀ ਰਾਜਧਾਨੀ ਰਹੀ ਹੈ ਤੇ ਨਵੇਂ ਰਾਜ ਨੇ ਆਪਣੀ ਨਵੀਂ ਰਾਜਧਾਨੀ ਬਣਾਈ ਹੈ। ਹਰਿਆਣਾ ਨੂੰ ਵੀ ਵੱਡਾ ਦਿਲ ਕਰਕੇ ਇਸੇ ਪਰੰਪਰਾ ਦਾ ਹੀ ਪਾਲਣ ਕਰਨਾ ਚਾਹੀਦਾ ਹੈ। ਉਹ ਕੇਂਦਰ ਤੋਂ ਨਵੀਂ ਰਾਜਧਾਨੀ ਲਈ ਸਹਾਇਤਾ ਲੈ ਸਕਦਾ ਹੈ।

## ਦੋਹਰੀ ਰਣਨੀਤੀ 'ਤੇ ਨਾ ਚੱਲੇ ਕੇਂਦਰ

*ਵੋ ਮਾਯੂਸੀ-ਏ-ਹਾਲਾਤ-ਏ ਸ਼ਰਮਿੰਦਗੀ ਕਿ ਉਫ਼,*
*ਜੋ ਅਪਨੋਂ ਸੇ ਪੇਸ਼ ਆਤੇ ਹੈਂ ਬੇਗਾਨਗੀ ਸੇ ਵੋਹ।*
*(ਲਾਲ ਫਿਰੋਜ਼ਪੁਰੀ)*

ਕੇਂਦਰੀ ਸਰਕਾਰਾਂ ਕਦੇ-ਕਦੇ ਅਜਿਹੇ ਕਦਮ ਉਠਾਉਂਦੀਆਂ ਹਨ, ਜੋ ਪੰਜਾਬੀਆਂ ਵਿਚ ਬੇਗਾਨਗੀ ਪੈਦਾ ਕਰਨ ਵਾਲੇ ਹੁੰਦੇ ਹਨ। ਕੇਂਦਰ ਵਿਚ ਚਾਹੇ ਕਾਂਗਰਸੀ ਸਰਕਾਰਾਂ ਰਹੀਆਂ, ਚਾਹੇ ਸਾਂਝੀਆਂ ਤੇ ਚਾਹੇ ਹੁਣ ਦੀ ਭਾਜਪਾ ਸਰਕਾਰ, ਪੰਜਾਬ ਨਾਲ ਧੱਕਿਆਂ ਦੀ ਦਾਸਤਾਨ ਬਾਦਸਤੂਰ ਜਾਰੀ ਹੈ। ਪਹਿਲੀਆਂ ਸਰਕਾਰਾਂ ਨੇ ਧੱਕੇ ਕੀਤੇ ਪਰ ਦੋ ਪੰਜਾਬੀ ਪ੍ਰਧਾਨ ਮੰਤਰੀਆਂ ਇੰਦਰ ਕੁਮਾਰ ਗੁਜਰਾਲ ਤੇ ਡਾ. ਮਨਮੋਹਨ ਸਿੰਘ ਵੀ ਇਹ ਧੱਕੇ ਦੂਰ ਨਹੀਂ ਕਰਵਾ ਸਕੇ ਜਾਂ ਸ਼ਾਇਦ ਉਨ੍ਹਾਂ ਨੇ ਕੋਸ਼ਿਸ਼ ਹੀ ਨਹੀਂ ਕੀਤੀ। ਪਰ ਹੁਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ-ਆਪ ਨੂੰ ਪੰਜਾਬ ਅਤੇ ਸਿੱਖਾਂ ਦੇ ਹਮਦਰਦ ਦੱਸਦੇ ਨਹੀਂ ਥੱਕਦੇ, ਪਰ ਦੂਜੇ ਪਾਸੇ ਪਹਿਲਾਂ ਹੋਏ ਧੱਕਿਆਂ ਨੂੰ ਦੂਰ ਕਰਨ ਦੀ ਗੱਲ ਤਾਂ ਦੂਰ, ਸਗੋਂ ਉਨ੍ਹਾਂ ਦੀ ਸਰਕਾਰ ਵੇਲੇ ਕਈ ਨਵੇਂ ਧੱਕੇ ਵੀ ਹੁੰਦੇ ਦਿਖਾਈ ਦਿੰਦੇ ਹਨ। ਹਾਲਾਂਕਿ ਪ੍ਰਧਾਨ ਮੰਤਰੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਬੜੀ ਸ਼ਾਨ ਨਾਲ ਕਿਹਾ ਹੈ ਕਿ ਉਨ੍ਹਾਂ ਨੇ ਸਿੱਖਾਂ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿਚ ਵੀਰ ਬਾਲ ਦਿਵਸ ਮਨਾਉਣ ਦੀ ਸ਼ੁਰੂਆਤ ਕਰਨ ਤੋਂ ਲੈ ਕੇ ਕਰਤਾਰਪੁਰ ਦੇ ਗਲਿਆਰੇ ਤੱਕ ਕਈ ਕਦਮ ਉਠਾਏ ਹਨ। ਪਰ ਜਦੋਂ ਪੰਜਾਬ ਨਾਲ ਕੋਈ ਨਵਾਂ ਧੱਕਾ ਹੁੰਦਾ ਹੈ ਜਾਂ ਸਿੱਖ ਬੰਦੀਆਂ ਨਾਲ ਵਿਤਕਰੇ ਵਾਲਾ ਰਵੱਈਆ ਅਪਣਾਇਆ ਜਾਂਦਾ ਹੈ ਤਾਂ ਇਹ ਸਿੱਖਾਂ ਨੂੰ ਆਪਣੇ ਨਾਲ ਹੀ ਧੱਕਾ ਜਾਪਦਾ ਹੈ, ਕਿਉਂਕਿ ਪੰਜਾਬ ਵਿਚ ਬਹੁਗਿਣਤੀ ਸਿੱਖਾਂ ਦੀ ਹੈ ਤੇ ਸਿੱਖਾਂ ਨੂੰ ਜਾਪਦਾ ਹੈ ਕਿ ਪੰਜਾਬ ਨਾਲ ਧੱਕਾ ਸਿੱਖਾਂ ਕਰਕੇ ਹੀ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਦੀ ਇਸ ਤਰ੍ਹਾਂ ਦੀ ਦੋਹਰੀ ਨੀਤੀ ਬਿਲਕੁਲ ਸ਼ੋਭਾ ਨਹੀਂ ਦਿੰਦੀ।

*ਸ਼ਜਰ ਕੋ ਆਬ ਭੀ ਦੇਤੇ ਹੋ ਜੜ੍ਹ ਕੋ ਭੀ ਕੁਤਰਤੇ ਹੋ,*
*ਤੇਰੀ ਦੋ-ਦੋ ਰੰਗੀ ਸਿਆਸਤ ਕੋ*
*ਭਲਾ ਸਮਝੇਂ ਤੋ ਕਯਾ ਸਮਝੇਂ।* *(ਲਾਲ ਫਿਰੋਜ਼ਪੁਰੀ)*

## ਸ਼ਹੀਦੀ ਸ਼ਤਾਬਦੀ ਸਮਾਰੋਹ

*ਹੈਂ ਰਵਾਂ ਉਸ ਰਾਹ ਪਰ ਜਿਸ ਕੀ ਕੋਈ ਮੰਜ਼ਿਲ ਨਾ ਹੋ,*
*ਜੁਸਤਜੂ ਕਰਤੇ ਹੈਂ ਉਸ ਕੀ ਜੋ ਹਮੇਂ ਹਾਸਿਲ ਨਾ ਹੋ।*

ਪ੍ਰਸਿੱਧ ਸ਼ਾਇਰ ਮੁਨੀਰ ਨਿਆਜ਼ੀ ਦਾ ਇਹ ਸ਼ਿਅਰ ਸਾਡੀ ਸਿੱਖ ਕੌਮ 'ਤੇ ਪੂਰੀ ਤਰ੍ਹਾਂ ਢੁਕਦਾ ਹੈ। ਅਸੀਂ ਹੁਣੇ ਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਤਾਬਦੀ ਮਨਾਈ ਹੈ। ਪਰ ਇਸ ਸੰਬੰਧੀ ਹੋਈਆਂ ਸਰਗਰਮੀਆਂ ਵਿਚ ਸ਼ਰਧਾ ਨਾਲੋਂ ਸਿਆਸਤ ਜ਼ਿਆਦਾ ਭਾਰੂ ਰਹੀ ਹੈ। ਮੈਨੂੰ ਨਹੀਂ ਜਾਪਦਾ ਕਿ ਸ਼ਤਾਬਦੀ ਸਮਾਰੋਹਾਂ ਤੋਂ ਸਿੱਖ ਕੌਮ, ਪੰਜਾਬ, ਦੇਸ਼ ਤੇ ਲੋਕਾਈ ਨੂੰ ਕੋਈ ਵੱਡੀ ਪ੍ਰਾਪਤੀ ਹੋਈ ਹੈ।

ਅਸੀਂ ਸ਼ਹੀਦੀ ਸ਼ਤਾਬਦੀ ਦੇ ਸਮਾਰੋਹ ਸ਼ੁਰੂ ਹੋਣ ਤੋਂ ਕਈ ਮਹੀਨੇ ਪਹਿਲਾਂ ਹੀ ਇਹ ਸੁਝਾਅ ਦਿੱਤਾ ਸੀ ਕਿ ਪੰਜਾਬ ਵਿਚ ਕੇਂਦਰ, ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸੰਬੰਧੀ ਸਾਰੇ ਸਮਾਰੋਹ ਆਪਸੀ ਤਾਲਮੇਲ ਨਾਲ ਕਰਵਾਏ ਜਾਣੇ ਚਾਹੀਦੇ ਹਨ। ਗੁਰੂ ਸਾਹਿਬ ਨੇ ਆਪਣੀ ਬਾਣੀ ਤੇ ਮਹਾਨ ਸ਼ਹਾਦਤ ਨਾਲ ਜੋ ਸੰਦੇਸ਼ ਆਪਣੇ ਸਮਿਆਂ ਵਿਚ ਦਿੱਤਾ ਸੀ, ਉਹ ਦੇਸ਼ ਭਰ ਦੇ ਲੋਕਾਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੀ ਯਾਦ ਵਿਚ ਕੋਈ ਅਜਿਹਾ ਢੁਕਵਾਂ ਸੰਸਥਾਨ ਬਣਾਉਣ ਦਾ ਫ਼ੈਸਲਾ ਵੀ ਕੀਤਾ ਜਾਣਾ ਚਾਹੀਦਾ ਸੀ ਜੋ ਲੋਕਾਂ ਵਿਚ ਗੁਰੂ ਜੀ ਦੀ ਯਾਦ ਵੀ ਬਣਾਈ ਰੱਖਦਾ ਅਤੇ ਉਸ ਦਾ ਲੋਕਾਂ ਨੂੰ ਲਾਭ ਵੀ ਹੁੰਦਾ। ਖ਼ਾਸ ਕਰਕੇ ਦੇਸ਼ ਵਿਚ ਧਾਰਮਿਕ ਤੇ ਵਿਚਾਰਾਂ ਦੀ ਆਜ਼ਾਦੀ ਬਣਾਈ ਰੱਖਣ 'ਤੇ ਜ਼ੋਰ ਦਿੱਤਾ ਜਾਂਦਾ ਤਾਂ ਇਹ ਗੁਰੂ ਸਾਹਿਬ ਨੂੰ ਢੁਕਵੀਂ ਸ਼ਰਧਾਂਜਲੀ ਹੋ ਸਕਦੀ ਸੀ। ਪਰ ਹਰ ਧਿਰ ਆਪਣੇ ਏਜੰਡੇ ਨਾਲ ਹੀ ਸ਼ਹੀਦੀ ਸ਼ਤਾਬਦੀ ਮਨਾਉਂਦੀ ਨਜ਼ਰ ਆਈ।

*ਖ਼ੁਦਾ ਨੇ ਆਜ ਤੱਕ ਉਸ ਕੌਮ ਕੀ ਹਾਲਤ ਨਹੀਂ ਬਦਲੀ,*
*ਨਾ ਹੋ ਜਿਸ ਕੋ ਖ਼ਯਾਲ ਆਪ ਅਪਨੀ ਹਾਲਤ ਕੋ ਬਦਲਨੇ ਕਾ।*
(ਜ਼ਫ਼ਰ ਅਲੀ ਖਾਂ)

*-1044, ਗੁਰੂ ਨਾਨਕ ਸਟਰੀਟ, ਸਮਰਾਲਾ ਰੋਡ, ਖੰਨਾ*
*ਮੋਬਾਈਲ : 92168-60000*
*E. mail : hslall@ymail.com*

# ਕੈਨੇਡਾ 'ਚ ਪੰਜਾਬੀਆਂ 'ਤੇ ਹਮਲਿਆਂ ਸੰਬੰਧੀ ਸਰਕਾਰ ਉਦਾਸੀਨ ਕਿਉਂ?

## ਸਰੀ ਇਨਸਾਫ਼ ਰੈਲੀ ਦਾ ਮੁਲਾਂਕਣ





ਕੈਨੇਡਾ ਦੀ ਧਰਤੀ 'ਤੇ ਦਿਨੋ-ਦਿਨ ਵਧ ਰਹੀਆਂ ਹਿੰਸਕ ਘਟਨਾਵਾਂ ਇਸ ਵੇਲੇ ਗੰਭੀਰ ਮੁੱਦਾ ਬਣ ਚੁੱਕੀਆਂ ਹਨ। ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਦਾ ਹੋਵੇ, ਜਦੋਂ ਲੁੱਟ-ਖੋਹ, ਕਤਲ ਜਾਂ ਧਮਕੀਆਂ ਦੀ ਖ਼ਬਰ ਮੀਡੀਆ 'ਚ ਸੁਰਖ਼ੀ ਨਾ ਬਣੇ। ਵਾਰਦਾਤ ਵਾਪਰਦੇ ਸਾਰ ਹੀ ਭਾਰਤ ਦਾ ਲਾਰੈਂਸ ਬਿਸ਼ਨੋਈ ਜਾਂ ਕੋਈ ਹੋਰ ਉਸ ਦੀ ਜ਼ਿੰਮੇਵਾਰੀ ਸ਼ਰੇਆਮ ਲੈ ਲੈਂਦਾ ਹੈ। ਇਸ ਦੀ ਪਹਿਲੀ ਖ਼ਬਰ ਵੀ ਭਾਰਤੀ ਮੀਡੀਆ ਕੋਲੋਂ ਹੀ ਮਿਲਦੀ ਹੈ। ਪੁਲਿਸ ਵਿਭਾਗ, ਪ੍ਰਸ਼ਾਸਨ, ਸੂਬਾ ਸਰਕਾਰਾਂ ਜਾਂ ਫੈਡਰਲ ਸਰਕਾਰ ਹਿੰਸਾ ਨੂੰ ਨੱਥ ਪਾਉਣ 'ਚ ਸਭ ਅਸਫਲ ਸਾਬਿਤ ਹੋ ਰਹੇ ਹਨ। ਲੋਕਾਂ 'ਚ ਸਹਿਮ ਦਾ ਮਾਹੌਲ ਹੈ। ਖ਼ਾਸ ਕਰਕੇ ਕੈਨੇਡਾ ਵਸਦਾ ਪੰਜਾਬੀ ਭਾਈਚਾਰਾ ਇਸ ਵੇਲੇ ਨਿਰਾਸ਼ਾ ਦੇ ਆਲਮ 'ਚ ਹੈ। ਵਧੇਰੇ ਕਰਕੇ ਪੰਜਾਬੀ ਕਾਰੋਬਾਰੀ ਤੇ ਆਗੂ ਇਨ੍ਹਾਂ ਵਾਰਦਾਤਾਂ ਦਾ ਨਿਸ਼ਾਨਾ ਬਣ ਰਹੇ ਹਨ। ਉਹ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਇਨ੍ਹੀਂ ਦਿਨੀਂ ਐਬਟਸਫੋਰਡ, ਬੀ.ਸੀ. ਵਾਸੀ ਨਾਮਵਰ ਸ਼ਖ਼ਸੀਅਤ ਦਰਸ਼ਨ ਸਿੰਘ ਸਾਹਸੀ ਦੀ ਦਿਨ-ਦਿਹਾੜੇ, ਘਰ ਦੇ ਡਰਾਈਵ ਵੇਅ 'ਤੇ ਗੱਡੀ 'ਚ ਬੈਠਦਿਆਂ ਗੋਲੀਆਂ ਮਾਰ ਕੇ ਕੀਤੀ ਹੱਤਿਆ ਨੇ ਤਾਂ ਲੋਕਾਂ ਨੂੰ ਧੁਰ ਤੱਕ ਹਿਲਾ ਦਿੱਤਾ ਹੈ। ਪਰਿਵਾਰ ਤੇ ਭਾਈਚਾਰੇ ਦੀ ਇਸੇ ਚਿੰਤਾ 'ਚੋਂ ਇਨਸਾਫ ਰੈਲੀ ਉਲੀਕੀ ਗਈ ਸੀ, ਜਿਸ ਦੌਰਾਨ ਤਾਜ ਕਨਵੈਨਸ਼ਨ ਸੈਂਟਰ (ਸਰੀ) 'ਚ ਪੰਜਾਬੀਆਂ ਦਾ ਵੱਡਾ ਇਕੱਠ ਹੋਇਆ। ਇਨਸਾਫ਼ ਰੈਲੀ 'ਚ ਸ਼ਾਮਿਲ ਹਰ ਵਿਅਕਤੀ ਦੇ ਮਨ 'ਚ ਅਹਿਮ ਸਵਾਲ ਇਹ ਸਨ ਕਿ ਕੈਨੇਡਾ ਸਰਕਾਰ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕਾਨੂੰਨੀ ਸੋਧਾਂ ਕਿਉਂ ਨਹੀਂ ਕਰ ਰਹੀ? ਕੈਨੇਡਾ ਵਸਦੇ ਪੰਜਾਬੀਆਂ 'ਤੇ ਹੋ ਰਹੇ ਹਮਲਿਆਂ ਨੂੰ ਪੰਜਾਬੀਆਂ ਦਾ ਮਸਲਾ ਕਿਉਂ ਸਮਝਿਆ ਜਾ ਰਿਹਾ ਹੈ? ਇਸ ਮਸਲੇ ਨੂੰ ਕੈਨੇਡੀਅਨ ਮੁੱਦਾ ਕਿਉਂ ਨਹੀਂ ਮੰਨਿਆ ਜਾ ਰਿਹਾ? ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਪੰਜਾਬੀਆਂ 'ਤੇ ਹੁੰਦੇ ਹਮਲਿਆਂ ਨੂੰ ਸਖ਼ਤੀ ਨਾਲ ਰੋਕਣ ਲਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਇਹ ਕਹਿਣ 'ਚ ਵੀ ਕੋਈ ਗੁਰੇਜ਼ ਨਹੀਂ ਕਿ ਜੇਕਰ ਅਜਿਹਾ ਦੁਖਾਂਤ 'ਮੇਨ ਸਟਰੀਮ' ਭਾਈਚਾਰੇ 'ਚ ਵਾਪਰਿਆ ਹੋਵੇ ਤਾਂ ਕੀ ਉਸ ਵੇਲੇ ਵੀ ਸਰਕਾਰ ਤੇ ਪ੍ਰਸ਼ਾਸਨ ਦੀ ਕਾਰਵਾਈ ਸਿਫ਼ਰ ਸਹਿਣਸ਼ੀਲਤਾ ਵਾਲੀ ਹੋਵੇਗੀ? ਕੈਨੇਡਾ 'ਚ ਅਜਿਹੇ ਦੋਹਰੇ ਮਾਪਦੰਡ ਕਿਉਂ?

ਇਹ ਵਰਤਾਰਾ ਨਸਲਵਾਦ ਤੋਂ ਘੱਟ ਨਹੀਂ। ਕੈਨੇਡਾ ਵਸਦੇ ਪੰਜਾਬੀ ਵਿਦੇਸ਼ੀ ਨਹੀਂ, ਸਗੋਂ ਉਹ ਕੈਨੇਡੀਅਨ ਹਨ। ਉਹ ਕੈਨੇਡਾ ਦੀ ਤਰੱਕੀ 'ਚ ਹਰ ਪੱਧਰ 'ਤੇ ਵਧ-ਚੜ੍ਹ ਕੇ ਹਿੱਸਾ ਪਾ ਰਹੇ ਹਨ, ਮਿਹਨਤ ਕਰਕੇ ਵੱਧ ਤੋਂ ਵੱਧ ਟੈਕਸ ਅਦਾ ਕਰ ਰਹੇ ਹਨ ਤੇ ਅਣਥੱਕ ਕਮਾਈ ਕਰਕੇ ਪਰਿਵਾਰ ਪਾਲ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਇਨਸਾਫ਼ ਨਾ ਮਿਲਣਾ ਨੰਗਾ ਚਿੱਟਾ ਵਿਤਕਰਾ ਹੈ। ਪੰਜਾਬੀਆਂ 'ਤੇ ਕੈਨੇਡਾ 'ਚ ਹੋ ਰਹੀ ਹਿੰਸਾ ਨੂੰ ਕੈਨੇਡੀਅਨ ਮਸਲਾ ਮੰਨ ਕੇ ਹੱਲ ਕਰਨ ਤੋਂ ਬਗ਼ੈਰ ਇਹ ਸਮੱਸਿਆ ਖ਼ਤਮ

ਡਾ. ਗੁਰਵਿੰਦਰ ਸਿੰਘ



ਨਹੀਂ ਹੋ ਸਕਦੀ। ਕੈਨੇਡਾ ਦੀ ਧਰਤੀ 'ਤੇ ਸ਼ਹਿਰੀ ਸੂਬੇ ਅਤੇ ਫੈਡਰਲ ਪੱਧਰ 'ਤੇ ਚੁਣੇ ਨੁਮਾਇੰਦਿਆਂ ਵਿਚ ਵੱਡੀ ਗਿਣਤੀ 'ਚ ਪੰਜਾਬੀ ਮੂਲ ਦੇ ਸਿਆਸਤਦਾਨ ਸ਼ਾਮਿਲ ਹਨ। ਇਸ ਵੇਲੇ ਕੈਨੇਡਾ 'ਚ ਪੰਜਾਬੀਆਂ 'ਤੇ ਹੋ ਰਹੇ ਹਿੰਸਕ ਹਮਲਿਆਂ ਦਾ ਮਸਲਾ ਅਹਿਮ ਹੈ ਤੇ ਸਾਡੇ ਆਗੂਆਂ ਨੂੰ ਚਾਹੀਦਾ ਸੀ ਕਿ ਉਹ ਲੁੱਟਾਂ-ਖੋਹਾਂ, ਧਮਕੀਆਂ ਅਤੇ ਕਤਲਾਂ ਦੇ ਮਸਲੇ ਨੂੰ ਵੱਡੇ ਪੱਧਰ 'ਤੇ ਉਠਾਉਂਦੇ, ਪਰ ਉਹ ਅਜਿਹਾ ਕਰਨ 'ਚ ਅਸਫ਼ਲ ਰਹੇ। ਪੰਜਾਬੀ ਭਾਈਚਾਰਾ ਆਪਣੇ ਸਿਆਸਤਦਾਨਾਂ ਤੋਂ ਜ਼ਿਆਦਾ ਉਮੀਦ ਰੱਖਦਾ ਹੈ ਅਤੇ ਆਪਣੇ ਸਿਆਸਤਦਾਨਾਂ 'ਤੇ ਵੱਧ ਇਤਰਾਜ਼ ਹੋਣਾ ਸੁਭਾਵਿਕ ਹੈ, ਕਿਉਂਕਿ ਉਨ੍ਹਾਂ ਦੀ ਚੋਣ 'ਚ ਪੰਜਾਬੀ ਭਾਈਚਾਰ ਵੱਧ ਤੋਂ ਵੱਧ ਜ਼ੋਰ ਲਾਉਂਦਾ ਹੈ। ਪਰ ਜਦੋਂ ਸਿਆਸਤਦਾਨ ਮੂੰਹ 'ਚ ਘੁੰਗਣੀਆਂ ਪਾ ਲੈਣ ਤਾਂ ਫੇਰ ਲੋਕਾਂ ਦੀ ਪੀੜ ਦਾ ਹੱਲ ਕਿਵੇਂ ਹੋਵੇਗਾ?

ਪੰਜਾਬੀ ਭਾਈਚਾਰੇ ਦੇ ਸਿਆਸਤਦਾਨਾਂ ਨੂੰ ਬਿਨਾਂ ਦੇਰੀ ਆਪਣੀਆਂ ਪਾਰਟੀਆਂ ਦੇ ਹੋਰ ਚੁਣੇ ਨੁਮਾਇੰਦਿਆਂ ਅਤੇ ਪਾਰਟੀ ਲੀਡਰਾਂ ਤੱਕ ਲੋਕਾਂ ਦੀ ਆਵਾਜ਼ ਪਹੁੰਚਾਉਣੀ ਚਾਹੀਦੀ ਹੈ। ਜੇਕਰ ਫਿਰ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ ਤਾਂ ਸੰਬੰਧਿਤ ਪਾਰਟੀਆਂ ਕੋਲ ਇਤਰਾਜ਼ ਪ੍ਰਗਟਾਉਣ ਤੇ ਦਬਾਅ ਬਣਾਉਣ ਦਾ ਹਰ ਹੀਲਾ ਵਰਤਣਾ ਚਾਹੀਦਾ ਹੈ। ਪੰਜਾਬੀ ਭਾਈਚਾਰੇ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਕੈਨੇਡਾ 'ਚ ਹੋ ਰਹੀ ਹਿੰਸਾ ਲਈ ਜਵਾਬਦੇਹ ਕੇਵਲ ਆਪਣੇ ਰੰਗ ਦੇ ਹੀ ਸਿਆਸਤਦਾਨਾਂ ਨੂੰ ਨਾ ਬਣਾਇਆ ਜਾਵੇ। ਇਸ ਲਈ ਜ਼ਿੰਮੇਵਾਰ ਆਪੋ-ਆਪਣੇ ਹਲਕੇ ਦੇ ਹਰ ਚੁਣੇ ਸਿਆਸੀ ਆਗੂ ਨੂੰ ਬਣਾਇਆ ਜਾਣਾ ਚਾਹੀਦਾ ਹੈ, ਚਾਹੇ ਉਹ ਕਿਸੇ ਵੀ ਰੰਗ, ਨਸਲ, ਬੋਲੀ ਜਾਂ ਪਾਰਟੀ ਦਾ ਹੋਵੇ। ਸਾਡਾ ਭਾਈਚਾਰਾ ਇਸ ਮਾਮਲੇ 'ਤੇ ਦੋਹਰੇ ਮਾਪਦੰਡ ਵਰਤਦਾ ਹੈ। ਉਹ ਆਪਣਿਆਂ ਦੇ ਗਲ ਸਾਫ਼ਾ ਤਾਂ ਪਾ ਲੈਂਦਾ ਹੈ, ਪਰ ਦੂਜਿਆਂ ਨੂੰ ਜਵਾਬਦੇਹ ਨਹੀਂ ਠਹਿਰਾਉਂਦਾ। ਇਸੇ ਕਾਰਨ ਬਾਕੀ ਸਿਆਸਤਦਾਨ ਸਾਨੂੰ ਸੰਜੀਦਗੀ ਨਾਲ ਨਹੀਂ ਲੈਂਦੇ। ਉਨ੍ਹਾਂ 'ਚੋਂ ਬਹੁਤੇ ਤਾਂ ਇਹ ਮੰਨਦੇ ਹਨ ਕਿ ਹਮਲੇ ਹੋ ਵੀ ਪੰਜਾਬੀਆਂ 'ਤੇ ਰਹੇ ਹਨ ਤੇ ਕਰ ਵੀ ਪੰਜਾਬੀ ਜਾਂ ਭਾਰਤੀ ਹੀ ਰਹੇ ਹਨ ਅਤੇ ਰਾਜਸੀ ਪੱਧਰ 'ਤੇ ਲੋਕ ਜਵਾਬ ਵੀ ਪੰਜਾਬੀ ਜਾਂ ਭਾਰਤੀ ਰਾਜਨੀਤਕਾਂ ਤੋਂ ਹੀ ਪੁੱਛਣਗੇ। ਸੱਚ ਤਾਂ ਇਹ ਹੈ ਕਿ ਪੰਜਾਬੀ ਜਦੋਂ ਤੱਕ ਹਰ ਆਗੂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰਦੇ, ਉਦੋਂ ਤੱਕ ਇਨਸਾਫ ਨਹੀਂ ਮਿਲ ਸਕਦਾ।

ਇਕ ਹੋਰ ਵੱਡਾ ਸਵਾਲ ਇਹ ਹੈ ਕਿ ਹਿੰਸਕ ਹਮਲਿਆਂ ਦੀ ਜ਼ਿੰਮੇਵਾਰੀ ਕੌਣ ਲੈ ਰਿਹਾ ਹੈ? ਬਿਨਾਂ ਸ਼ੱਕ ਭਾਰਤ ਵਿਚ ਜੇਲ੍ਹ 'ਚ ਬੰਦ ਬਿਸ਼ਨੋਈ ਗੈਂਗ ਦਾ ਸਰਗਨਾ ਲਾਰੈਂਸ ਬਿਸ਼ਨੋਈ। ਚਾਹੇ ਕੈਨੇਡਾ ਸਰਕਾਰ ਨੇ ਸੂਬਾ ਸਰਕਾਰਾਂ ਦੇ ਦਬਾਅ ਮਗਰੋਂ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ, ਪਰ ਕੀ ਅਜਿਹਾ ਕਰਨ ਨਾਲ ਹਿੰਸਾ ਰੁਕ ਗਈ ਹੈ, ਲੁੱਟਾਂ-ਖੋਹਾਂ ਬੰਦ ਹੋ ਗਈਆਂ ਹਨ, ਹੁਣ ਕਤਲ ਨਹੀਂ ਹੋ ਰਹੇ? ਸੱਚ ਤਾਂ ਇਹ ਹੈ ਕਿ ਸਭ ਕੁਝ ਪਹਿਲਾਂ ਵਾਂਗ ਹੀ ਜਾਰੀ ਹੈ। ਇਹ ਸਰਕਾਰ ਦੀ ਅਸਫਲਤਾ ਨਹੀਂ ਤਾਂ ਹੋਰ ਕੀ ਹੈ?

ਇਨਸਾਫ਼ ਰੈਲੀ 'ਚ ਜ਼ੋਰਦਾਰ ਢੰਗ ਨਾਲ ਇਕ ਹੋਰ ਮਸਲਾ ਉੱਭਰਿਆ ਹੈ ਕਿ ਸਮੂਹ ਪੰਜਾਬੀ ਭਾਈਚਾਰਾ ਆਪਣੀ ਇਕਜੁੱਟਤਾ ਵਿਖਾਏ। ਜਿੱਥੇ ਸਿਆਸਤ ਪੱਖੋਂ ਪੰਜਾਬੀ ਨੁਮਾਇੰਦਿਆਂ ਦੀ ਏਕਤਾ ਦੀ ਲੋੜ ਜ਼ਰੂਰੀ ਹੈ, ਮੀਡੀਆ ਪੱਖੋਂ ਪੰਜਾਬੀ ਅਦਾਰਿਆਂ ਦੀ ਏਕਤਾ ਜ਼ਰੂਰੀ ਹੈ, ਉੱਥੇ ਹੀ ਪੰਜਾਬੀ ਭਾਈਚਾਰੇ ਦੇ ਸਾਰੇ ਧੜਿਆਂ ਤੇ ਧਰਮਾਂ ਦੇ ਲੋਕਾਂ ਨੂੰ ਵੀ ਇਕਜੁੱਟ ਹੋਣਾ ਪਵੇਗਾ। ਮੁੱਦਿਆਂ 'ਤੇ ਆਪਣੇ ਵਿਚਾਰਾਂ ਦੇ ਵਖਰੇਵਿਆਂ ਦੇ ਬਾਵਜੂਦ ਕਤਲਾਂ, ਲੁੱਟਾਂ-ਖੋਹਾਂ ਤੇ ਧਮਕੀਆਂ ਦੇ ਮਾਮਲੇ 'ਚ ਸਿਰ ਜੋੜ ਕੇ ਬੈਠਣਾ ਪਵੇਗਾ। ਅੱਜ ਜੇਕਰ ਅਸੀਂ ਦੂਜਿਆਂ ਲਈ ਨਹੀਂ ਬੋਲਾਂਗੇ ਤਾਂ ਕੱਲ੍ਹ ਸਾਡੇ ਲਈ ਕੌਣ ਬੋਲੇਗਾ?

*-ਮੋਬਾਈਲ : 604-825-1550*

# ਆਤਮ-ਨਿਰਭਰ ਭਾਰਤ ਲਈ ਕਿਰਤ ਸੁਧਾਰਾਂ ਦੀ ਪਹਿਲ

ਭਾਰਤ ਦਹਾਕਿਆਂ ਤੋਂ ਕਮਜ਼ੋਰ ਆਰਥਿਕ ਵਿਕਾਸ, ਜੜ੍ਹਾਂ ਫੜ ਚੁੱਕੇ ਭ੍ਰਿਸ਼ਟਾਚਾਰ ਅਤੇ ਰੁਜ਼ਗਾਰ ਦੀ ਸਿਰਜਣਾ ਤੇ ਕਾਮਿਆਂ ਦੀ ਭਲਾਈ ਪ੍ਰਤੀ ਵਚਨਬੱਧਤਾ ਦੀ ਨਿਰੰਤਰ ਘਾਟ ਨਾਲ ਜੂਝਦਾ ਰਿਹਾ ਹੈ। ਰਾਜਨੀਤੀ ਤੋਂ ਪ੍ਰੇਰਿਤ ਘਿਰਾਓ ਤੇ ਬੰਦਾਂ ਕਰਕੇ ਉਦਯੋਗਿਕ ਸਰਗਰਮੀਆਂ ਵਿਚ ਅੜਿੱਕਾ ਪੈਣ ਨਾਲ ਨਿਵੇਸ਼ ਠੱਪ ਹੋਇਆ ਅਤੇ ਵਿਵਸਥਾ ਵਿਚ ਭਰੋਸਾ ਖਤਮ ਕਰ ਦਿੱਤਾ ਗਿਆ। ਪਿਛਲੀਆਂ ਸਰਕਾਰਾਂ ਨੇ ਕਿਰਤ ਭਲਾਈ ਨੂੰ ਸਿਰਫ਼ ਨਾਅਰਿਆਂ ਤੱਕ ਸੀਮਤ ਰੱਖਿਆ ਅਤੇ ਉਹ ਕਾਮਿਆਂ ਨੂੰ ਦਰਪੇਸ਼ ਅਸਲ ਮੁੱਦਿਆਂ ਨੂੰ ਗੰਭੀਰਤਾ ਨਾਲ ਹੱਲ ਕਰਨ ਵਿਚ ਅਸਫਲ ਰਹੀਆਂ। ਇਸ ਖੜੋਤ ਨੂੰ ਦੂਰ ਕਰਨ ਲਈ ਰਾਸ਼ਟਰੀ ਲੀਡਰਸ਼ਿਪ ਵਿਚ ਇਕ ਵੱਡੀ ਤਬਦੀਲੀ ਦੀ ਲੋੜ ਸੀ। ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਸ਼੍ਰਮੇਵ ਜਯਤੇ' ਦਾ ਨਾਅਰਾ ਦਿੰਦਿਆਂ ਕਿਹਾ ਕਿ ਭਾਰਤ ਦੀ ਵਿਕਾਸ ਯਾਤਰਾ ਦੇ ਕੇਂਦਰ ਵਿਚ ਕਿਰਤ ਦਾ ਮਾਣ-ਸਤਿਕਾਰ ਹੋਣਾ ਚਾਹੀਦਾ ਹੈ। ਇਹ ਸਿਰਫ਼ ਇਕ ਨਾਅਰਾ ਨਹੀਂ ਸੀ, ਇਹ ਇਕ ਨਵੀਂ ਰਾਸ਼ਟਰੀ ਚੇਤਨਾ ਦੀ ਸ਼ੁਰੂਆਤ ਸੀ ਜਿਸ ਨੇ ਕਾਮਿਆਂ ਨੂੰ ਨੀਤੀ ਨਿਰਮਾਣ ਦੇ ਕੇਂਦਰ ਵਿਚ ਰੱਖਿਆ।

ਅਜਿਹੀ ਤਬਦੀਲੀ ਦੀ ਲੋੜ ਬਹੁਤ ਦੇਰ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਭਾਰਤ ਦੇ ਕਿਰਤ ਕਾਨੂੰਨ ਢਾਂਚੇ ਦਾ ਬਹੁਤਾ ਹਿੱਸਾ 1920-1950 ਦੇ ਦਹਾਕਿਆਂ ਦਾ ਹੈ, ਜਿਸ ਨੂੰ ਬਸਤੀਵਾਦੀ ਮਾਨਸਿਕਤਾ ਨੇ ਸਰੂਪ ਦਿੱਤਾ ਸੀ। ਇਸ ਦੌਰਾਨ ਕੰਮ ਦੀ ਦੁਨੀਆ ਨਾਟਕੀ ਢੰਗ ਨਾਲ ਬਦਲ ਗਈ, ਗਿਗ ਤੇ ਪਲੇਟਫਾਰਮ ਅਰਥ-ਵਿਵਸਥਾਵਾਂ ਦੇ ਉਭਾਰ, ਡਿਜੀਟਲਾਈਜ਼ੇਸ਼ਨ, ਲਚਕਦਾਰ ਕੰਮਕਾਜੀ ਢਾਂਚਿਆਂ ਅਤੇ ਨਵੇਂ ਯੁੱਗ ਦੇ ਉੱਦਮਾਂ ਨੇ ਆਲਮੀ ਕਿਰਤ ਪ੍ਰਣਾਲੀਆਂ ਨੂੰ ਨਵਾਂ ਸਰੂਪ ਦਿੱਤਾ। ਪਰ ਭਾਰਤ ਦੇ ਕਿਰਤ ਕਾਨੂੰਨ ਸਮੇਂ ਦੇ ਹਾਣੀ ਨਾ ਬਣਨ ਕਰਕੇ ਆਧੁਨਿਕ ਕਾਰਜਬਲ ਜਾਂ ਮੁਕਾਬਲੇ ਵਾਲੀ ਆਰਥਿਕਤਾ ਦਾ ਸਮਰਥਨ ਕਰਨ ਵਿਚ ਅਸਫਲ ਰਹੇ। ਇਕ ਵਾਰ ਫਿਰ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਪੰਚ ਪ੍ਰਣਾਂ ਰਾਹੀਂ, ਬਸਤੀਵਾਦੀ ਮਾਨਸਿਕਤਾ ਨੂੰ ਤਿਆਗ ਕੇ ਭਵਿੱਖਮੁਖੀ ਪਹੁੰਚ ਅਪਣਾਉਣ ਦਾ ਸੱਦਾ ਦਿੱਤਾ। ਪੁਰਾਣੇ ਕਾਨੂੰਨ ਇਸ ਲਈ ਲਾਗੂ ਰਹੇ ਕਿਉਂਕਿ ਪਿਛਲੀਆਂ ਸਰਕਾਰਾਂ ਕੋਲ ਦੇਸ਼ ਦੀਆਂ ਨਵੀਆਂ ਹਕੀਕਤਾਂ ਤੇ ਲੋੜਾਂ ਦੇ ਅਨੁਕੂਲ ਉਨ੍ਹਾਂ ਨੂੰ ਆਧੁਨਿਕ ਬਣਾਉਣ ਲਈ ਰਾਜਨੀਤਿਕ ਇੱਛਾ ਸ਼ਕਤੀ, ਹਿੰਮਤ ਤੇ ਸੋਚ ਦੀ ਘਾਟ ਸੀ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਦਾ ਆਲਮੀ ਕੱਦ ਬੇਮਿਸਾਲ ਬੁਲੰਦੀਆਂ ਤੱਕ ਪਹੁੰਚ ਗਿਆ ਹੈ। ਦੁਨੀਆ ਇਹ ਮੰਨਦੀ ਹੈ ਕਿ ਭਾਰਤ ਹੁਣ ਸਿਰਫ਼ ਭਵਿੱਖ ਨੂੰ ਸਰੂਪ ਦੇਣ ਵਿਚ ਹਿੱਸਾ ਹੀ ਨਹੀਂ ਲੈ ਰਿਹਾ, ਸਗੋਂ ਇਸ ਨੂੰ ਪਰਿਭਾਸ਼ਿਤ ਕਰਨ ਵਿਚ ਵੀ ਮਦਦ ਕਰ ਰਿਹਾ ਹੈ।

ਇਸ ਲਈ ਵੱਡੇ ਪੱਧਰ 'ਤੇ ਰੁਜ਼ਗਾਰ ਦੀ ਸਿਰਜਣਾ, ਉਤਪਾਦਨ ਢਾਂਚਿਆਂ ਨੂੰ ਵਿਸ਼ਾਲ ਬਣਾਉਣਾ ਅਤੇ ਆਲਮੀ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਕ ਵਿਆਪਕ ਸੁਧਾਰ ਜ਼ਰੂਰੀ ਸੀ। ਇਸ ਰਾਸ਼ਟਰੀ ਲੋੜ ਨੂੰ ਪਛਾਣਦੇ ਹੋਏ ਮੋਦੀ ਸਰਕਾਰ ਨੇ ਆਜ਼ਾਦ ਭਾਰਤ ਵਿਚ ਸਭ ਤੋਂ ਮਹੱਤਵਪੂਰਨ ਸੁਧਾਰਾਂ 'ਚੋਂ ਇਕ ਨੂੰ ਅਮਲੀ ਰੂਪ ਦਿੱਤਾ ਹੈ। ਪਹਿਲਾਂ ਦੇ 29 ਖੰਡਿਤ ਕਿਰਤ ਕਾਨੂੰਨਾਂ ਨੂੰ ਮਿਲਾ ਕੇ 4 ਸਰਲ ਤੇ ਸਪੱਸ਼ਟ ਕਿਰਤ ਕੋਡਜ਼-ਉਜਰਤਾਂ ਕੋਡ, ਉਦਯੋਗਿਕ ਸੰਬੰਧ ਕੋਡ, ਸਮਾਜਿਕ ਸੁਰੱਖਿਆ ਤੇ ਪੇਸ਼ੇਵਰ ਸੁਰੱਖਿਆ ਕੋਡ ਅਤੇ ਸਿਹਤ ਤੇ ਕਾਰਜ ਸ਼ਰਤਾਂ ਕੋਡ ਆਦਿ ਬਣਾਏ ਗਏ ਹਨ। 21 ਨਵੰਬਰ 2025 ਨੂੰ ਇਹ ਕਿਰਤ ਕੋਡ ਲਾਗੂ ਕੀਤੇ ਗਏ ਹਨ, ਜੋ ਇਕੱਠਿਆਂ ਇਕ ਆਧੁਨਿਕ ਕਿਰਤ ਢਾਂਚਾ ਸਥਾਪਤ ਕਰਦੇ ਹਨ ਅਤੇ ਮਜ਼ਦੂਰ-ਪੱਖੀ ਤੇ ਵਿਕਾਸ-ਪੱਖੀ ਹਨ। ਇਹ ਪਹਿਲ ਇਹ ਸਾਬਤ ਕਰਦੀ ਹੈ ਕਿ ਭਾਰਤ ਇਕ ਗਤੀਸ਼ੀਲ ਤੇ ਤੇਜ਼ੀ ਨਾਲ ਵਿਕਸਤ ਹੋ ਰਹੀ ਆਲਮੀ ਅਰਥ-ਵਿਵਸਥਾ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ-ਬਰ-ਤਿਆਰ ਹੈ। 2019 ਅਤੇ 2020 ਵਿਚ ਸੰਸਦ ਵਲੋਂ ਕਿਰਤ ਕੋਡ ਪਾਸ ਕੀਤੇ ਜਾਣ ਤੋਂ ਬਾਅਦ ਕਈ ਸੂਬਿਆਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ, ਮਜ਼ਦੂਰ ਸੰਗਠਨਾਂ ਅਤੇ ਉਦਯੋਗ ਸੰਸਥਾਵਾਂ ਨੇ ਉਨ੍ਹਾਂ ਦੇ ਪ੍ਰਗਤੀਸ਼ੀਲ ਇਰਾਦੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦੀਆਂ ਖ਼ੂਬੀਆਂ ਨੂੰ ਪਛਾਣਦਿਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵਾਲੇ ਸੂਬਿਆਂ ਨੇ ਇਨ੍ਹਾਂ ਕੋਡਜ਼ ਨੂੰ ਦਰਸਾਉਣ ਲਈ ਆਪਣੇ ਕਿਰਤ ਕਾਨੂੰਨਾਂ ਵਿਚ ਸੋਧ ਕੀਤੀ। ਉਦਾਹਰਨ ਵਜੋਂ ਔਰਤਾਂ ਨੂੰ ਰਾਤ ਸਮੇਂ ਕੰਮ ਕਰਨ ਦੀ ਇਜਾਜ਼ਤ ਦੀ ਸਹਿਮਤੀ ਦੇਣ ਅਤੇ ਢੁਕਵੇਂ ਸੁਰੱਖਿਆ ਉਪਾਵਾਂ ਨਾਲ ਔਰਤਾਂ ਦੀ ਰੁਜ਼ਗਾਰ ਪ੍ਰਾਪਤੀ ਵਿਚ 13 ਫ਼ੀਸਦੀ ਵਾਧਾ ਹੋਇਆ ਹੈ।

ਕਾਮਿਆਂ ਅਤੇ ਉਦਯੋਗ ਦੇ ਨੇਤਾਵਾਂ ਨਾਲ ਗੱਲਬਾਤ ਦੌਰਾਨ ਇਕ ਸੁਨੇਹਾ ਲਗਾਤਾਰ ਉੱਭਰਿਆ ਹੈ ਕਿ ਕੰਮ ਵਾਲੀ ਥਾਂ 'ਤੇ ਸਪੱਸ਼ਟਤਾ,

ਡਾ. ਮਨਸੁਖ ਮਾਂਡਵੀਆ



ਨਿਰਪੱਖਤਾ ਤੇ ਮਾਣ-ਸਤਿਕਾਰ ਦੀ ਲੋੜ ਹੈ। ਇਸ ਮਾਰਗ-ਦਰਸ਼ਕ ਸਿਧਾਂਤ ਨੇ ਸਾਡੇ ਸੁਧਾਰਾਂ ਨੂੰ ਇਕ ਨਵਾਂ ਸਰੂਪ ਦਿੱਤਾ, ਇਕ ਗੁੰਝਲਦਾਰ, ਖੰਡਿਤ ਪ੍ਰਣਾਲੀ ਨੂੰ ਇਕ ਅਜਿਹੇ ਸਿਸਟਮ ਨਾਲ ਬਦਲਿਆ ਗਿਆ ਹੈ ਜੋ ਸਧਾਰਨ, ਪਾਰਦਰਸ਼ੀ ਤੇ ਹਰੇਕ ਕਾਮੇ ਦੀ ਰਾਖੀ ਕਰਦਾ ਹੈ। ਦਰਅਸਲ, ਕਿਰਤ ਕੋਡ ਮਜ਼ਦੂਰਾਂ ਦੇ ਹਿਤਾਂ ਨੂੰ ਤਰਜੀਹ ਦਿੰਦੇ ਹਨ ਅਤੇ ਉਨ੍ਹਾਂ ਨੂੰ ਮਾਲਕਾਂ ਦੀਆਂ ਉਮੀਦਾਂ ਨਾਲ ਸੰਤੁਲਿਤ ਕਰਦੇ ਹਨ। ਇਹ ਸਮੁੱਚੇ ਭਾਰਤ ਵਿਚ ਈ.ਐੱਸ.ਆਈ.ਸੀ. ਦੀ ਕਵਰੇਜ ਨੂੰ ਸਮਰੱਥ ਬਣਾਉਂਦੇ ਹਨ ਅਤੇ 40 ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਕਾਮਿਆਂ ਲਈ ਸਾਲਾਨਾ ਸਿਹਤ ਜਾਂਚ ਲਾਜ਼ਮੀ ਬਣਾਉਂਦੇ ਹਨ। ਲਾਜ਼ਮੀ ਨਿਯੁਕਤੀ ਪੱਤਰ, ਯਕੀਨੀ ਤਨਖਾਹ ਸਲਿੱਪਾਂ ਅਤੇ ਸਾਲਾਨਾ ਅਦਾਇਗੀ ਛੁੱਟੀ ਵਰਗੀਆਂ ਵਿਵਸਥਾਵਾਂ ਹਰੇਕ ਕਾਮੇ ਨੂੰ ਵਧੇਰੇ ਸਥਿਰਤਾ, ਮਾਣ ਤੇ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਇਕਰਾਰਨਾਮਾ-ਆਧਾਰਿਤ ਰੁਜ਼ਗਾਰ ਦੇ ਇਕ ਪ੍ਰਗਤੀਸ਼ੀਲ ਬਦਲ ਵਜੋਂ ਇਹ ਕੋਡ ਤੈਅ ਮਿਆਦੀ ਰੁਜ਼ਗਾਰ (ਐਫ.ਟੀ.ਈ.) ਪੇਸ਼ ਕਰਦੇ ਹਨ। ਐਫ.ਟੀ.ਈ. ਦੇ ਤਹਿਤ ਇਕ ਤੈਅ ਮਿਆਦ ਲਈ ਨਿਯੁਕਤ ਕੀਤੇ ਗਏ ਕਾਮਿਆਂ ਨੂੰ ਸਥਾਈ ਕਰਮਚਾਰੀਆਂ ਦੇ ਬਰਾਬਰ ਤਨਖਾਹ, ਲਾਭ ਤੇ ਕੰਮ ਕਰਨ ਦੀਆਂ ਸਥਿਤੀਆਂ ਪ੍ਰਾਪਤ ਹੁੰਦੀਆਂ ਹਨ, ਜਿਸ ਵਿਚ ਅਦਾਇਗੀ ਛੁੱਟੀ, ਨਿਯਮਤ ਕੰਮ ਦੇ ਘੰਟੇ, ਡਾਕਟਰੀ ਸਹੂਲਤਾਂ, ਸਮਾਜਿਕ ਸੁਰੱਖਿਆ ਤੇ ਹੋਰ ਕਾਨੂੰਨੀ ਸੁਰੱਖਿਆ ਸ਼ਾਮਿਲ ਹਨ। ਖ਼ਾਸ ਤੌਰ 'ਤੇ ਐਫ.ਟੀ.ਈ. ਕਰਮਚਾਰੀ ਸਿਰਫ਼ ਇਕ ਸਾਲ ਦੀ ਨਿਰੰਤਰ ਸੇਵਾ ਤੋਂ ਬਾਅਦ ਹੀ ਗ੍ਰੈਚੁਟੀ ਲਈ ਯੋਗ ਹੋ ਜਾਂਦੇ ਹਨ।

ਨਾਰੀ ਸ਼ਕਤੀ ਇਨ੍ਹਾਂ ਸੁਧਾਰਾਂ ਦਾ ਇਕ ਕੇਂਦਰੀ ਥੰਮ੍ਹ ਹੈ। ਪ੍ਰਧਾਨ ਮੰਤਰੀ ਮੋਦੀ ਦੇ ਔਰਤਾਂ ਦੀ ਅਗਵਾਈ ਵਾਲੇ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਸੇਧਿਤ ਇਹ ਕੋਡ ਔਰਤਾਂ ਲਈ ਸਹਿਮਤੀ ਅਤੇ ਮਜ਼ਬੂਤ ਸੁਰੱਖਿਆ ਪ੍ਰੋਟੋਕਾਲ ਨਾਲ ਭੂਮੀਗਤ ਖਾਣਾਂ, ਭਾਰੀ ਮਸ਼ੀਨਰੀ ਤੇ ਰਾਤ ਦੀਆਂ ਸ਼ਿਫਟਾਂ ਸਮੇਤ ਖੇਤਰਾਂ ਵਿਚ ਹਿੱਸਾ ਲੈਣ ਲਈ ਨਵੇਂ ਰਸਤੇ ਖੋਲ੍ਹਦੇ ਹਨ। ਇਸ ਦੇ ਨਾਲ ਹੀ ਇਹ ਕੋਡ ਸਿੰਗਲ ਰਜਿਸਟ੍ਰੇਸ਼ਨ, ਇਕ ਸਿੰਗਲ ਲਾਇਸੈਂਸ ਤੇ ਸਿੰਗਲ ਰਿਟਰਨ ਫਾਈਲਿੰਗ ਪੇਸ਼ ਕਰਕੇ ਮਾਲਕਾਂ 'ਤੇ ਪਾਲਣਾ ਦੇ ਬੋਝ ਨੂੰ ਬਹੁਤ ਘਟਾਉਂਦੇ ਹਨ। ਇਹ ਸਰਲੀਕਰਨ ਉਦਯੋਗਾਂ ਨੂੰ ਭਾਰਤ ਭਰ ਵਿਚ ਆਪਣੀਆਂ ਇਕਾਈਆਂ ਦਾ ਵਿਸਥਾਰ ਤੇ ਸਥਾਪਨਾ ਕਰਨ ਲਈ ਉਤਸ਼ਾਹਿਤ ਕਰੇਗਾ, ਜਿਸ ਨਾਲ ਸਥਾਨਕ ਰੁਜ਼ਗਾਰ ਨੂੰ ਹੁਲਾਰਾ ਮਿਲੇਗਾ।

2015 ਵਿਚ 19 ਫ਼ੀਸਦੀ ਤੋਂ 2025 ਵਿਚ 64.3 ਫ਼ੀਸਦੀ ਤੱਕ ਸਮਾਜਿਕ ਸੁਰੱਖਿਆ ਦੇ ਵਿਸਥਾਰ ਵਿਚ ਭਾਰਤ ਦੀ ਤਰੱਕੀ ਨੇ ਆਲਮੀ ਪ੍ਰਸੰਸਾ ਹਾਸਿਲ ਕੀਤੀ ਹੈ। ਅੰਤਰਰਾਸ਼ਟਰੀ ਕਿਰਤ ਸੰਗਠਨ ਨੇ ਭਾਰਤ ਦੇ ਯਤਨਾਂ ਨੂੰ ਸਵੀਕਾਰ ਹੀ ਨਹੀਂ ਕੀਤਾ, ਸਗੋਂ ਅੰਤਰਰਾਸ਼ਟਰੀ ਸਮਾਜਿਕ ਸੁਰੱਖਿਆ ਐਸੋਸੀਏਸ਼ਨ ਨੇ ਭਾਰਤ ਨੂੰ ਸਮਾਜਿਕ ਸੁਰੱਖਿਆ ਵਿਚ ਸ਼ਾਨਦਾਰ ਪ੍ਰਾਪਤੀ ਲਈ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ।

ਨਵੇਂ ਸੁਧਾਰਾਂ ਦੀ ਸਿਰਫ਼ ਰਾਜਨੀਤੀ ਤੋਂ ਪ੍ਰੇਰਿਤ ਆਲੋਚਨਾ ਠੀਕ ਨਹੀਂ। ਜਿਹੜੇ ਲੋਕ ਪੁਰਾਣੀਆਂ ਤੇ ਅਪਾਰਦਰਸ਼ੀ ਪ੍ਰਣਾਲੀਆਂ 'ਤੇ ਨਿਰਭਰ ਸਨ, ਉਹ ਹੁਣ ਇਕ ਪਾਰਦਰਸ਼ੀ, ਕੁਸ਼ਲ ਤੇ ਕਿਰਤੀ-ਕੇਂਦ੍ਰਿਤ ਢਾਂਚੇ ਤੋਂ ਅਸਹਿਜ ਹੋਏ ਹਨ। ਇਨ੍ਹਾਂ ਕੋਡਾਂ ਰਾਹੀਂ ਲਿਆਂਦੇ ਗਏ ਸਾਕਾਰਾਤਮਿਕ ਬਦਲਾਅ ਨੂੰ ਸਵੀਕਾਰ ਕਰਨ ਦੀ ਬਜਾਏ ਉਨ੍ਹਾਂ ਨੇ ਗਲਤ ਜਾਣਕਾਰੀ ਫੈਲਾਉਣ ਦੀ ਕੋਸ਼ਿਸ਼ ਕੀਤੀ ਹੈ। ਕਿਰਤ ਕੋਡ ਭਾਰਤ ਦੇ ਆਤਮ-ਨਿਰਭਰ ਤੇ ਵਿਕਸਿਤ ਭਾਰਤ ਬਣਨ ਦੀ ਯਾਤਰਾ ਵਿਚ ਇਕ ਪਰਿਵਰਤਨਸ਼ੀਲ ਮੀਲ ਪੱਥਰ ਨੂੰ ਦਰਸਾਉਂਦੇ ਹਨ। ਇਹ ਕਾਮਿਆਂ ਦੇ ਮਾਣ-ਸਤਿਕਾਰ ਨੂੰ ਬਰਕਰਾਰ ਰੱਖਦੇ ਹਨ, ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇਕ ਮਾਡਲ ਬਣਾਉਂਦੇ ਹਨ, ਜਿੱਥੇ ਕਾਮਿਆਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਰਾਖੀ ਕੀਤੀ ਜਾਂਦੀ ਹੈ ਅਤੇ ਕਾਮੇ ਆਤਮ-ਨਿਰਭਰਤਾ ਨੂੰ ਚਲਾਉਣ ਵਾਲਾ ਇੰਜਣ ਬਣ ਜਾਂਦੇ ਹਨ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਦ੍ਰਿਸ਼ਟੀਕੋਣ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ' ਪ੍ਰਤੀ ਵਚਨਬੱਧਤਾ ਤੋਂ ਨਿਰਦੇਸ਼ਤ ਇਹ ਕਿਰਤ ਸੁਧਾਰ ਇਕ ਆਧੁਨਿਕ, ਮਜ਼ਬੂਤ ਅਤੇ ਸੰਮਲਿਤ ਅਰਥਵਿਵਸਥਾ ਦੀ ਇਕ ਮਜ਼ਬੂਤ ਬੁਨਿਆਦ ਰੱਖਦੇ ਹਨ, ਜੋ ਕਿਰਤੀਆਂ ਤੇ ਉੱਦਮਾਂ ਦੋਹਾਂ ਨੂੰ ਭਾਰਤ ਦੇ ਵਿਕਾਸ ਦੇ ਕੇਂਦਰ ਵਿਚ ਰੱਖਦੀ ਹੈ। 'ਸ਼੍ਰਮੇਵ ਜਯਤੇ!'

*-(ਕੇਂਦਰੀ ਕਿਰਤ ਤੇ ਰੁਜ਼ਗਾਰ ਅਤੇ ਯੁਵਾ ਮਾਮਲੇ ਤੇ ਖੇਡ ਮੰਤਰੀ)*

# ਸੰਪਾਦਕ ਦੇ ਨਾਂਅ

## ਸੜਕਾਂ ਕਿਨਾਰੇ ਗੰਦਗੀ

ਸੜਕਾਂ ਦੇ ਕਿਨਾਰੇ ਗੰਦਗੀ ਕਾਰਨ ਫੈਲੀ ਬਦਬੂ ਕਾਰਨ ਜਿਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਉੱਥੇ ਹੀ ਅਕਸਰ ਲੋਕ ਅਜਿਹੀਆਂ ਥਾਵਾਂ ਤੋਂ ਮੂੰਹ ਢਕ ਕੇ ਲੰਘਦੇ ਨਜ਼ਰ ਆਉਂਦੇ ਹਨ। ਵਰਤਮਾਨ ਸਮੇਂ ਜ਼ਿਆਦਾਤਰ ਲੋਕ ਜਿੱਥੇ ਆਪਣੇ ਘਰਾਂ ਦਾ ਕੂੜਾ-ਕਰਕਟ ਸੜਕਾਂ ਦੇ ਕਿਨਾਰੇ ਸੁੱਟ ਦਿੰਦੇ ਹਨ ਉੱਥੇ ਹੀ ਗਲੀਆਂ-ਸੜੀਆਂ ਸਬਜ਼ੀਆਂ ਅਤੇ ਫਲ ਵੀ ਸੁੱਟੇ ਨਜ਼ਰ ਆਉਂਦੇ ਹਨ, ਜੋ ਰਾਹਗੀਰਾਂ 'ਤੇ ਵਾਤਾਵਰਨ ਦੋਵਾਂ ਲਈ ਘਾਤਕ ਸਿੱਧ ਹੁੰਦਾ ਹੈ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਜਿੱਥੇ ਵੀ ਅਜਿਹਾ ਪਾਇਆ ਜਾਂਦਾ ਹੈ ਤਾਂ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਕੂੜੇ ਨੂੰ ਨਿਰਧਾਰਿਤ ਥਾਵਾਂ 'ਤੇ ਸੁੱਟਣ ਲਈ ਸਖ਼ਤ ਤਾੜਨਾ ਕਰਨੀ ਚਾਹੀਦੀ ਹੈ। ਕਈ ਵਾਰ ਇਹ ਗੰਦਗੀ ਤੇਜ਼ ਹਵਾਵਾਂ ਕਾਰਨ ਸੜਕਾਂ ਦੇ ਕਿਨਾਰੇ ਤੋਂ ਸੜਕਾਂ ਦੇ ਵਿਚਕਾਰ ਆ ਜਾਂਦੀ ਹੈ ਜਿਸ ਵਿਚ ਵੱਡੇ-ਵੱਡੇ ਲਿਫਾਫੇ ਅਤੇ ਗਲੇ-ਸੜੇ ਪਦਾਰਥ ਆਦਿ ਸੜਕਾਂ 'ਤੇ ਆਮ ਨਜ਼ਰ ਆਉਂਦੇ ਹਨ। ਇਹ ਗੰਦਗੀ ਸੜਕਾਂ ਦੁਆਲੇ ਲਗਾਏ ਗਏ ਛੋਟੇ ਪੌਦਿਆਂ ਲਈ ਵੀ ਮਾਰੂ ਸਾਬਤ ਹੁੰਦੀ ਹੈ।

**-ਰਵਿੰਦਰ ਸਿੰਘ ਰੇਸ਼ਮ**
*ਪਿੰਡ ਨੱਥੂਮਾਜਰਾ, ਜ਼ਿਲਾ ਮਾਲੇਰਕੋਟਲਾ।*

## ਕਿੱਤਾ ਮੁਖੀ ਕੋਰਸਾਂ ਨਾਲ ਸੰਵਾਰੋ ਭਵਿੱਖ

ਅੱਜ ਦਾ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਚੌਖਾ ਚਿੰਤਤ ਨਜ਼ਰ ਆਉਂਦਾ ਹੈ। ਜਿਸਦੀ ਮੁੱਖ ਵਜ੍ਹਾ ਇਹ ਹੈ ਕਿ ਸਰਕਾਰੀ ਤੇ ਪ੍ਰਾਈਵੇਟ ਖੇਤਰ 'ਚ ਨੌਕਰੀਆਂ ਦੇ ਮੌਕੇ ਹਰ ਰੋਜ਼ ਘਟਦੇ ਜਾ ਰਹੇ ਹਨ। ਜਿਨ੍ਹਾਂ ਕੋਲ ਮਾੜੀ ਮੋਟੀ ਗੁੰਜਾਇਸ਼ ਹੁੰਦੀ ਹੈ ਉਹ ਜਹਾਜ਼ ਚੜ੍ਹ ਵਿਦੇਸ਼ ਤੁਰ ਜਾਂਦੇ ਹਨ ਪਰ ਜੋ ਆਰਥਿਕ ਪੱਖੋਂ ਕਮਜ਼ੋਰ ਹੁੰਦੇ ਹਨ, ਉਸ ਨੂੰ ਇਧਰ ਹੀ ਛੋਟੀ ਮੋਟੀ ਨੌਕਰੀ ਲਈ ਤਰਲੇ ਮਾਰਨੇ ਪੈਂਦੇ ਹਨ। ਉਹ ਵੀ ਜੇ ਮਿਲ ਗਈ ਤਾਂ ਠੀਕ ਹੈ ਵਰਨਾ ਵੇਹਲੇ ਡੰਡੇ ਵਜਾਓ। ਦੂਜੇ ਪਾਸੇ ਜੇ ਤੁਸੀਂ ਦਸਵੀਂ-ਬਾਰ੍ਹਵੀਂ ਤੋਂ ਕੋਈ ਕਿੱਤਾ ਮੁਖੀ ਕੋਰਸ ਦੀ ਚੋਣ ਕਰਕੇ ਉਸ ਵਿਚ ਮੁਹਾਰਤਾ ਹਾਸਿਲ ਕਰ ਲਵੋਗੇ ਤਾਂ ਤੁਹਾਡਾ ਭਵਿੱਖ ਸੁਰੱਖਿਅਤ ਹੋ ਜਾਵੇਗਾ। ਕੁਝ ਕਿੱਤਾ ਮੁਖੀ ਕੋਰਸ ਅਜਿਹੇ ਵੀ ਹਨ ਜਿਸ ਨੂੰ ਕਰਨ ਨਾਲ ਤੁਹਾਨੂੰ ਨੌਕਰੀ ਵੀ ਮਿਲ ਸਕਦੀ ਹੈ ਤੇ ਜੇ ਨੌਕਰੀ ਨਹੀਂ ਵੀ ਮਿਲਦੀ ਤਾਂ ਤੁਸੀਂ ਆਪਣਾ ਸਵੈ ਰੁਜ਼ਗਾਰ ਸ਼ੁਰੂ ਕਰ ਸਕਦੇ ਹੋ। ਅਜਿਹੇ ਕਿੱਤਾ ਮੁਖੀ ਕੋਰਸਾਂ ਵਿਚ ਤੁਸੀਂ ਆਪਣੀ ਰੁਚੀ ਮੁਤਾਬਿਕ ਚੋਣ ਕਰ ਸਕਦੇ ਹੋ। ਜਿਵੇਂ ਤੁਸੀਂ ਕੰਪਿਊਟਰ ਕੋਰਸ ਕਰ ਸਕਦੇ ਹੋ। ਲੜਕੀਆਂ ਬਿਊਟੀ ਐਂਡ ਵੈੱਲਨੈੱਸ ਦਾ ਕੋਰਸ ਕਰ ਸਕਦੀਆਂ ਹਨ। ਆਈ.ਟੀ.ਆਈ. ਤੋਂ ਇਲੈਕਟ੍ਰੀਸ਼ਨ, ਵੁੱਡ ਵਰਕ, ਕਾਰ, ਪੇਂਟਿੰਗ, ਬਿਲਡਿੰਗ ਵਗੈਰਾ ਆਦਿ ਕਿੱਤਾ ਮੁਖੀ ਕੋਰਸ ਕਰਕੇ ਨੌਜਵਾਨ ਆਪਣਾ ਭਵਿੱਖ ਸੁਰੱਖਿਅਤ ਕਰ ਸਕਦੇ ਹਨ।

**-ਲੈਕਚਰਾਰ ਅਜੀਤ ਖੰਨਾ**
*ਐਮ.ਏ., ਐੱਮ.ਫਿਲ, ਮਾਸਟਰ ਆਫ਼ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ, ਬੀ.ਐੱਡ।*

## ਸੰਵਿਧਾਨ ਦਿਵਸ

ਸੰਵਿਧਾਨ ਦਿਵਸ ਹਰ ਸਾਲ 26 ਨਵੰਬਰ ਨੂੰ ਪੂਰੇ ਦੇਸ਼ ਵਿਚ ਮਨਾਇਆ ਜਾਂਦਾ ਹੈ, ਕਿਉਂਕਿ ਇਸ ਦਿਨ ਭਾਰਤੀ ਸੰਵਿਧਾਨ ਨੂੰ ਸੰਵਿਧਾਨ ਸਭਾ ਦੁਆਰਾ ਰਸਮੀ ਤੌਰ 'ਤੇ ਅਪਣਾਇਆ ਗਿਆ ਸੀ। ਸੰਵਿਧਾਨ ਸਭਾ ਨੇ 26 ਨਵੰਬਰ, 1949 ਨੂੰ ਸੰਵਿਧਾਨ ਨੂੰ ਅਪਣਾਇਆ। ਹਰ ਸਾਲ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ। ਉਦੋਂ ਤੋਂ ਹਰ ਸਾਲ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਇਆ ਜਾਂਦਾ ਹੈ। ਸੰਵਿਧਾਨ ਦਿਵਸ ਦੇ ਮੌਕੇ 'ਤੇ ਅਸੀਂ ਨਾ ਸਿਰਫ਼ ਇਹ ਮਹਿਸੂਸ ਕਰਦੇ ਹਾਂ ਕਿ ਅਸੀਂ ਆਜ਼ਾਦ ਭਾਰਤ ਦੇ ਨਾਗਰਿਕ ਹਾਂ, ਸਗੋਂ ਅਸੀਂ ਸੰਵਿਧਾਨ 'ਚ ਦਰਜ ਮੌਲਿਕ ਅਧਿਕਾਰਾਂ ਤੋਂ ਆਪਣੇ ਅਧਿਕਾਰ ਪ੍ਰਾਪਤ ਕਰਦੇ ਹਾਂ ਅਤੇ ਲਿਖਤੀ ਮੌਲਿਕ ਕਰਤੱਵਾਂ ਰਾਹੀਂ ਸਾਨੂੰ ਨਾਗਰਿਕ ਵਜੋਂ ਸਾਡੀਆਂ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਂਦੇ ਹਾਂ। ਇਹ ਸੰਵਿਧਾਨ ਸਾਨੂੰ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਆਪਣੇ ਕਰਤੱਵਾਂ ਬਾਰੇ ਵੀ ਦੱਸਦਾ ਹੈ।

**-ਗੌਰਵ ਮੁੰਜਾਲ,** *ਪੀ.ਸੀ.ਐਸ.।*

## ਸਮੇਂ ਦੀ ਕਦਰ ਕਰੋ

ਸਮੇਂ ਦੀ ਕਦਰ ਕਰਨੀ ਮਨੁੱਖ ਦੀ ਸਭ ਤੋਂ ਵੱਡੀ ਸਿਆਣਪ ਹੈ। ਸਮਾਂ ਇਕ ਵਾਰੀ ਲੰਘ ਜਾਵੇ ਤਾਂ ਮੁੜ ਕੇ ਵਾਪਸ ਨਹੀਂ ਆਉਂਦਾ। ਇਸ ਲਈ ਇਸ ਨੂੰ ਸਹੀ ਕੰਮਾਂ ਵਿਚ ਲਗਾਉਣਾ ਜੀਵਨ ਨੂੰ ਸਫਲ ਤੇ ਸੰਤੁਸ਼ਟ ਬਣਾਉਂਦਾ ਹੈ। ਜੋ ਵਿਅਕਤੀ ਸਮੇਂ ਦਾ ਸਦਉਪਯੋਗ ਕਰਦਾ ਹੈ, ਉਹ ਆਪਣੀ ਮੰਜ਼ਿਲ ਤੱਕ ਆਸਾਨੀ ਨਾਲ ਪਹੁੰਚ ਸਕਦਾ ਹੈ, ਜਦਕਿ ਸਮੇਂ ਦੀ ਬਰਬਾਦੀ ਆਲਸ, ਪਛਤਾਵੇ ਅਤੇ ਨਾਕਾਮੀ ਦਾ ਕਾਰਨ ਬਣਦੀ ਹੈ। ਵਿਦਿਆਰਥੀ ਤੋਂ ਲੈ ਕੇ ਕਿਸਾਨ, ਮਜ਼ਦੂਰ, ਵਪਾਰੀ ਜਾਂ ਕਿਸੇ ਵੀ ਪੇਸ਼ੇ ਨਾਲ ਜੁੜਿਆ ਮਨੁੱਖ ਹਰ ਕਿਸੇ ਲਈ ਸਮਾਂ ਸੋਨੇ ਤੋਂ ਵੀ ਕੀਮਤੀ ਹੈ। ਸਮੇਂ ਦੀ ਕਦਰ ਕਰਨ ਦਾ ਮਤਲਬ ਹੈ ਕੰਮ ਨੂੰ ਉਸ ਦੀ ਤਰਜੀਹ ਅਨੁਸਾਰ ਕਰਨਾ, ਅਨੁਸ਼ਾਸਨ ਵਿਚ ਰਹਿਣਾ ਅਤੇ ਫਜ਼ੂਲ ਗੱਲਾਂ ਤੋਂ ਦੂਰ ਰਹਿਣਾ। ਜਿਹੜੇ ਲੋਕ ਹਰ ਪਲ ਦੀ ਮਹੱਤਤਾ ਨੂੰ ਸਮਝਦੇ ਹਨ, ਉਹ ਜੀਵਨ ਵਿਚ ਕੇਵਲ ਤਰੱਕੀ ਹੀ ਨਹੀਂ ਕਰਦੇ, ਸਗੋਂ ਖ਼ੁਸ਼ਹਾਲ ਅਤੇ ਸੁਚੱਜਾ ਜੀਵਨ ਜਿਉਂਦੇ ਹਨ।

**-ਸਤਵਿੰਦਰ ਕੌਰ ਮੱਲ੍ਹੇਵਾਲ**

CMYK